ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 14 ਸਤੰਬਰ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਪੰਜਾਬ ਭਵਨ ਕਨੇਡਾ ਵੱਲੋਂ ਆਨਲਾਈਨ ਬਾਲ ਕਵੀ ਦਰਬਾਰ ਆਯੋਜਿਤ



ਕੈਨੇਡਾ 14 ਸਤੰਬਰ : ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਦੁਆਰਾ ਸ਼ੁਰੂ ਕੀਤਾ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਸੱਤ ਜਿਲਿਆਂ ਦੇ ਬਾਲ ਲੇਖਕਾਂ ਦਾ ਆਨਲਾਈਨ ਬਾਲ ਕਵੀ ਦਰਬਾਰ ਆਯੋਜਿਤ ਕੀਤਾ ਗਿਆ ਜਿਸ ਦੀ ਮੇਜ਼ਬਾਨੀ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਟੀਮ ਵੱਲੋਂ ਕੀਤੀ ਗਈ। ਪ੍ਰਜੈਕਟ ਦੇ ਜ਼ਿਲ੍ਹਾ ਪ੍ਰਧਾਨ (ਮੋਹਾਲੀ) ਡਾ. ਸੁਰਿੰਦਰ ਕੁਮਾਰ ਜਿੰਦਲ ਨੇ ਸਾਡੇ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਬਾਲ ਕਵੀ ਦਰਬਾਰ ਵਿੱਚ ਕਪੂਰਥਲਾ, ਹੁਸਿਆਰਪੁਰ, ਮੋਹਾਲੀ, ਰੋਪੜ, ਸ਼੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਅਤੇ ਰਾਜਸਥਾਨ ਤੋਂ ਬਾਲ ਲੇਖਕਾਂ ਨੇ ਭਾਗ ਲਿਆ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਵੱਲੋਂ ਸੁੱਖੀ ਬਾਠ ਜੀ ਦੇ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ ਤੇ ਸਾਰੇ ਬਾਲ ਲੇਖਕਾਂ, ਜ਼ਿਲ੍ਹਾ ਪ੍ਰਧਾਨ, ਟੀਮ ਮੈਂਬਰ ਤੇ ਗਾਈਡ ਅਧਿਆਪਕਾਂ ਨੂੰ ਜੀ ਆਇਆ ਆਖਿਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰਦੂਲ ਸਿੰਘ ਬਰਾੜ ਗੀਤਕਾਰ ਤੇ ਲੈਕਚਰਾਰ ਮੁਕਤਸਰ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਉਹਨਾਂ ਨੇ ਬਾਲ ਲੇਖਕਾਂ ਨੂੰ ਸੁਣਿਆ ਤੇ ਲਿਖਣ ਦੇ ਨਵੇਂ ਢੰਗ ਤਰੀਕਿਆਂ ਤੋਂ ਜਾਣੂ ਕਰਵਾਇਆ। ਮੰਚ ਸੰਚਾਲਣ ਮੈਡਮ ਨਵਜੋਤ ਕੌਰ ਮੁਕਤਸਰ ਸਾਹਿਬ ਵੱਲੋਂ ਕੀਤਾ ਗਿਆ। ਬਾਲ ਕਵੀ ਦਰਬਾਰ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਭਰੂਪ ਸਿੰਘ, ਰਾਜਵੀਰ ਸਿੰਘ, ਕਪੂਰਥਲਾ ਭਾਵਨਾ,ਗੁਰਨੂਰ ਰੋਪੜ ਤੋਂ ਜਸਮੀਤ ਕੌਰ ,ਸੁਖਪ੍ਰੀਤ ਕੌਰ ਰਾਜਸਥਾਨ ਤੋਂ ਸਮਰੀਤ ਮਰੋਕ, ਗੁਰਵੀਰ ਕੌਰ ਹੁਸ਼ਿਆਰਪੁਰ ਤੋਂ ਰੂਹੀ,ਸਹਿਜ ਕੌਰ, ਮੋਹਾਲੀ ਤੋਂ ਹਰਗੁਨਪ੍ਰੀਤ ਕੌਰ,ਸੈਮਰੀਨ,ਸ੍ਰੀ ਮੁਕਤਸਰ ਸਾਹਿਬ ਤੋਂ ਅਰਵਿੰਦਰ ਸਿੰਘ, ਬਖਸ਼ੀਸ਼ ਕੌਰ ਨੇ ਆਪਣੀਆਂ ਲਿਖੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਪ੍ਰੋਜੈਕਟ ਦੇ ਸੀਨੀਅਰ ਸਹਿ ਪ੍ਰੋਜੈਕਟ ਇੰਚਾਰਜ ਗੁਰਵਿੰਦਰ ਸਿੰਘ ਕਾਂਗੜ, ਭੀਮ ਸਿੰਘ ਆਨਲਾਈਨ ਪ੍ਰੋਗਰਾਮ ਇੰਚਾਰਜ,ਅਵਤਾਰ ਸਿੰਘ ਚੋਟੀਆਂ ਮੁੱਖ ਸਲਾਹਕਾਰ, ਬਲਜੀਤ ਸ਼ਰਮਾ ਖਜਾਨਚੀ,ਬਲਜੀਤ ਸੇਖਾ ਜ਼ਿਲ੍ਹਾ ਪ੍ਰਧਾਨ ਮੋਗਾ, ਕੁਲਦੀਪ ਸਿੰਘ ਰਾਜਸਥਾਨ, ਰਾਜਿੰਦਰ ਸਿੰਘ ਸਾਹੁ ਰਾਜਸਥਾਨ,ਡਾ. ਸੁਰਿੰਦਰ ਜਿੰਦਲ ਜ਼ਿਲ੍ਹਾ ਪ੍ਰਧਾਨ ਮੋਹਾਲੀ,ਡਾ. ਸੁਖਪਾਲ ਕੌਰ ਸਮਰਾਲਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਦਵਿੰਦਰ ਕੌਰ ਖੁਸ਼ ਧਾਲੀਵਾਲ ਮੋਹਾਲੀ,ਰਾਜਿੰਦਰ ਕੌਰ ਮੋਹਾਲੀ, ਡਾ. ਅਮਰ ਜੋਤੀ ਮਾਂਗਟ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਮਨਦੀਪ ਰਿਪੀ ਰੋਪੜ, ਰਵਿੰਦਰ ਸਿੰਘ ਰੱਬੀ ਰੋਪੜ, ਲਖਵੀਰ ਕੌਰ ਮੋਹਾਲੀ ਕੁਲਦੀਪ ਕੌਰ ਖੰਨਾ ਮਾਲੇਰਕੋਟਲਾ ਤੇ ਗਾਈਡ ਅਧਿਆਪਕ ਹਾਜ਼ਰ ਸਨ। ਸੁੱਖੀ ਬਾਠ ਜੀ ਵੱਲੋਂ ਸਾਰੇ ਬਾਲ ਲੇਖਕਾਂ ਨੂੰ ਸ਼ੁਭਕਾਮਨਾਵਾਂ ਭੇਜੀਆਂ ਗਈਆਂ। ਪ੍ਰੋਗਰਾਮ ਦੇ ਅਖੀਰ ਵਿੱਚ ਬਲਜੀਤ ਸੇਖਾ ਜ਼ਿਲ੍ਹਾ ਪ੍ਰਧਾਨ ਮੋਗਾ ਵੱਲੋਂ ਸਾਰੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ।

ਭਾਸ਼ਾ ਵਿਭਾਗ ਪੰਜਾਬ ਵੱਲੋਂ 'ਹਿੰਦੀ ਦਿਵਸ' ਮੌਕੇ ਕਹਾਣੀ ਦਰਬਾਰ

ਪ੍ਰਬੁੱਧ ਲੇਖਕਾਂ ਨੇ ਕਹਾਣੀਆਂ ਪੜ੍ਹੀਆਂ ਤੇ ਕਹਾਣੀ ਕਲਾ ਬਾਰੇ ਗੋਸ਼ਟੀ ਵੀ ਹੋਈ

ਪਟਿਆਲਾ 14 ਸਤੰਬਰ : ਭਾਸ਼ਾ ਵਿਭਾਗ ਪੰਜਾਬ ਨੇ ਅੱਜ ਇੱਥੇ ਭਾਸ਼ਾ ਭਵਨ ਵਿਖੇ ਹਿੰਦੀ ਦਿਵਸ ਮੌਕੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ। ਜਿਸ ਦੌਰਾਨ ਪ੍ਰਬੁੱਧ ਕਹਾਣੀਕਾਰਾਂ ਨੇ ਕਹਾਣੀ ਪਾਠ ਕੀਤਾ ਅਤੇ ਮਾਹਿਰਾਂ ਨੇ ਕਹਾਣੀ ਕਲਾ ਬਾਰੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਦੌਰਾਨ ਵਧੀਕ ਡਾਇਰੈਕਟਰ ਚੰਦਨਦੀਪ ਕੌਰ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਵਿਭਾਗ ਦੀਆਂ ਹਿੰਦੀ ਨਾਲ ਸਬੰਧਤ ਗਤੀਵਿਧੀਆਂ ਬਾਰੇ ਚਾਨਣਾ ਪਾਇਆ।

ਸਮਾਗਮ ਦੀ ਸ਼ੁਰੂਆਤ ਉੱਘੇ ਕਹਾਣੀਕਾਰ ਡਾ. ਧਰਮਪਾਲ ਸਾਹਿਲ ਨੇ ਆਪਣੀ ਕਹਾਣੀ 'ਪਿੰਡ ਦਾਨ' ਨਾਲ ਕੀਤੀ। ਜਿਸ ਦੌਰਾਨ ਉਨ੍ਹਾਂ ਨੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਦਿਆਂ ਪਰਿਵਾਰਿਕ ਉਲਝਣਾਂ ਦਾ ਬੜੇ ਸਰਲ ਤੇ ਸੰਖੇਪ ਤਰੀਕੇ ਨਾਲ ਵਿਖਿਆਨ ਕੀਤਾ। ਪਾਤਰ ਸਿਰਜਣਾ ਤੇ ਗੁੰਦਵਾ ਪਲਾਟ ਡਾ. ਸਾਹਿਲ ਦੀ ਕਹਾਣੀ ਦਾ ਸਿਖ਼ਰ ਹੋ ਨਿਬੜਿਆ। ਇਸ ਤੋਂ ਬਾਅਦ ਡਾ. ਮੀਨਾਕਸ਼ੀ ਵਰਮਾ ਨੇ ਕਹਾਣੀ 'ਗੌਂ-ਧਲੀ' ਦਾ ਪਾਠ ਕੀਤਾ। ਇਸ ਕਹਾਣੀ ਰਾਹੀਂ ਉਨ੍ਹਾਂ ਪਤੀ-ਪਤਨੀ ਦੇ ਪਰਸਪਰ ਸਬੰਧਾਂ ਦੀ ਗੱਲ ਕੀਤੀ। ਜਿਸ ਰਾਹੀਂ ਇਹ ਗੱਲ ਉਭਰਕੇ ਸਾਹਮਣੇ ਆਈ ਕਿ ਮੌਤ ਵਰਗੇ ਸੰਕਟ ਮੰਡਰਾਉਣ ਵੇਲੇ ਵੀ ਪਤੀ-ਪਤਨੀ ਦੀ ਚੰਗੇਰੀ ਸਾਂਝ ਵਧੀਆ ਫੈਸਲੇ ਲੈ ਕੇ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰ ਸਕਦੀ ਹੈ। ਸਮੁੱਚੇ ਰੂਪ 'ਚ ਇਹ ਕਹਾਣੀ ਔਰਤ ਦੇ ਅੰਤਰ ਮਨ ਦੀ ਉਧੇੜ-ਬੁਣ ਦਾ ਪ੍ਰਗਟਾਵਾ ਕਰਦੀ ਸੀ।

ਪ੍ਰਧਾਨਗੀ ਭਾਸ਼ਨ ਦੌਰਾਨ ਪ੍ਰੋ. ਰਾਕੇਸ਼ ਕੁਮਾਰ ਨੇ ਕਿਹਾ ਕਿ ਭਾਵੇਂ ਦੁਨੀਆ ਭਰ ਦੇ ਦੇਸ਼ਾਂ ਦਰਮਿਆਨ ਸਰਹੱਦਾਂ ਹਨ ਪਰ ਸਾਹਿਤਕਾਰ ਇਨ੍ਹਾਂ ਸਰਹੱਦਾਂ ਦੀਆਂ ਬੰਦਿਸ਼ਾਂ ਤੋੜ ਕੇ, ਆਪਣੀਆਂ ਰਚਨਾਵਾਂ ਰਾਹੀਂ ਦੁਨੀਆ ਨੂੰ ਇੱਕ ਕਲਾਵੇ 'ਚ ਲੈਣ ਲਈ ਯਤਨਸ਼ੀਲ ਹਨ ਤੇ ਕਾਮਯਾਬ ਵੀ ਹੋ ਰਹੇ ਹਨ। ਕਹਾਣੀ ਕਲਾ ਬਾਰੇ ਕਿਹਾ ਕਿ ਹਿੰਦੀ ਕਹਾਣੀ ਦੀ ਪ੍ਰੰਪਰਾ ਉਨੀ ਹੀ ਪੁਰਾਣੀ ਹੈ ਜਿੰਨੀ ਮਨੁੱਖੀ ਸੱਭਿਅਤਾ। ਕਹਾਣੀਆਂ ਦਾ ਸਾਡੇ ਨਾਲ ਇੱਕ ਜੈਵਿਕ ਰਿਸ਼ਤਾ ਹੈ। ਇਹ ਹਵਾ ਵਾਂਗ ਸਾਡੇ ਆਲ਼ੇ-ਦੁਆਲੇ ਘੁੰਮਦੀਆਂ ਰਹਿੰਦੀਆਂ ਹਨ। ਜਿੰਨਾਂ ਨੂੰ ਲੇਖਕ ਕਾਗਜ਼ ਉੱਤੇ ਉਤਾਰਕੇ, ਅਮਰ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਡੀਆਂ ਕਹਾਣੀਆਂ 'ਚੋਂ ਰਵਾਨੀ ਖਤਮ ਹੋ ਰਹੀ ਹੈ। ਜੋ ਕਹਾਣੀ ਦਾ ਮੂਲ ਤੱਤ ਹੈ। ਉਨ੍ਹਾਂ ਕਿਹਾ ਕਹਾਣੀ ਦੀ ਰਚਨਾ ਸ਼ਬਦਾਂ ਦੇ ਦਰਿਆ ਵਰਗੇ ਵਹਾਅ ਵਾਂਗ ਹੋਣੀ ਚਾਹੀਦੀ ਹੈ। ਜੋ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਵੇ, ਭਾਵ ਨਵੀਆਂ ਭਾਵਨਾਵਾਂ ਨਾਲ ਜੋੜ ਦੇਵੇ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਬਹੁਤ ਸਾਰੀਆਂ ਪ੍ਰੰਪਰਾਵਾਂ ਤੋੜ ਕੇ ਨਵੀਆਂ ਪੈੜਾਂ ਪਾ ਰਿਹਾ ਹੈ। ਇਹ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨਾਲ ਸਬੰਧਤ ਬਹੁਤ ਮਿਆਰੀ ਸਮਾਗਮ ਕਰਵਾ ਰਿਹਾ ਹੈ, ਜਿਸ ਨਾਲ ਵਿਭਾਗ ਦਾ ਦਾਇਰਾ ਵਧ ਰਿਹਾ ਹੈ।

ਮੁੱਖ ਮਹਿਮਾਨ ਨਵੀਨ ਕਮਲ ਭਾਰਤੀ ਨੇ ਕਿਹਾ ਕਿ ਭਾਸ਼ਾਵਾਂ ਦਾ ਕੋਈ ਆਪਸੀ ਟਕਰਾਅ ਨਹੀਂ ਹੁੰਦਾ। ਇਹ ਇੱਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ ਅਤੇ ਇੱਕ ਦੂਜੀ ਦੀਆਂ ਪੂਰਕ ਬਣਦੀਆਂ ਹਨ। ਉਨ੍ਹਾਂ ਕਿਹਾ ਪੰਜਾਬ ਦੀ ਧਰਤੀ 'ਤੇ ਵੇਦ ਰਚੇ ਗਏ ਹਨ। ਜਿੰਨ੍ਹਾਂ 'ਚੋਂ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨਿਕਲੀਆਂ ਹਨ। ਸੋ ਸਾਨੂੰ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਆਪਣੀ ਭਾਸ਼ਾ ਵਿਭਾਗ ਨਾਲ ਜੁੜੀਆਂ ਯਾਦਾਂ ਵੀ ਤਾਜ਼ਾ ਕੀਤੀਆਂ। ਮੰਚ ਸੰਚਾਲਨ ਸਮਾਗਮ ਦੀ ਸੰਚਾਲਕ ਤੇ ਸਹਾਇਕ ਡਾਇਰੈਕਟਰ ਦੇਵਿੰਦਰ ਕੌਰ ਨੇ ਕੀਤਾ। ਇਸ ਮੌਕੇ ਵਿਭਾਗ ਦੇ ਹਿੰਦੀ ਭਾਗ ਦੇ ਸੇਵਾਮੁਕਤ ਸਹਾਇਕ ਡਾਇਰੈਕਟਰ ਸ੍ਰੀਮਤੀ ਮੋਹਣੀ ਚਾਵਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਖ਼ੀਰ ਵਿੱਚ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਵਿਭਾਗ ਵੱਲੋਂ ਕਹਾਣੀਕਾਰਾਂ ਤੇ ਮਹਿਮਾਨਾਂ ਦਾ ਵਿਭਾਗੀ ਸ਼ਾਲਾਂ ਦੇ ਕਿਤਾਬਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਸੁਰਿੰਦਰ ਕੌਰ, ਜਸਪ੍ਰੀਤ ਕੌਰ, ਰਾਬੀਆ, ਪੀਐਸਪੀਐਲ ਦੇ ਸਾਬਕਾ ਡਾਇਰੈਕਟਰ ਸ. ਡੀ.ਪੀ. ਸਿੰਘ ਗਰੇਵਾਲ, ਹਰਜੀਤ ਸਿੰਘ ਸੋਹੀ, ਇੰਜ. ਜਤਿੰਦਰ ਸਿੰਘ, ਵਿਭਾਗ ਦੇ ਸਾਬਕਾ ਸਹਾਇਕ ਡਾਇਰੈਕਟਰ ਬਾਬੂ ਰਾਮ ਦੀਵਾਨ ਤੇ ਹਰਨੇਕ ਸਿੰਘ ਢੋਟ, ਪੱਤਰਕਾਰ ਗੁਰਨਾਮ ਸਿੰਘ ਅਕੀਦਾ, ਕਵੀਸ਼ਰ ਭੀਮ ਸਿੰਘ ਤੇ ਸਾਥੀ ਤੇ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ।

ਤਸਵੀਰ: ਹਿੰਦੀ ਦਿਵਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਮਹਿਮਾਨਾਂ ਤੇ ਕਹਾਣੀਕਾਰਾਂ ਦਾ ਸਨਮਾਨ ਕਰਦੇ ਹੋਏ।

ਦਸ਼ਮੇਸ਼ ਮਿਸ਼ਨ ਸਕੂਲ ਹਰੀ ਨੌਂ ਦੀ ਗੱਤਕਾ ਟੀਮ ਪੰਜਾਬ ਵਿੱਚੋਂ ਚੈਂਪੀਅਨ

ਟਿੰਕੂ ਕੁਮਾਰ

ਕੋਟਕਪੂਰਾ, 14 ਸਤੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੀਆਂ ਵਿਦਿਆਰਥਣਾਂ ਨੇ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ-2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਹ ਗੱਤਕਾ ਮੁਕਾਬਲੇ ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰੂ ਕਾਸ਼ੀ ਤਲਵੰਡੀ ਸਾਬੋ ਵਿਖੇ ਕਰਵਾਏ ਗਏ। ਸਕੂਲ ਦੀ ਪੰਜਵੀਂ-ਏ ਕਲਾਸ ਦੀ ਵਿਦਿਆਰਥਣ ਜਸਨੀਤ ਕੌਰ ਪੁੱਤਰੀ ਬਲਵਿੰਦਰ ਸਿੰਘ ਨੇ ਅੰਡਰ-11 ਵਰਗ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਸਟੇਟ ਪੱਧਰ 'ਤੇ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਸਕੂਲ ਦੀ ਗਿਆਰਵੀਂ ਕਾਮਰਸ ਦੀ ਵਿਦਿਆਰਥਣ ਜਸਮੀਨ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ ਅੰਡਰ-17 ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਟੇਟ ਜੇਤੂ ਬਣਨ ਦਾ ਮਾਣ ਹਾਸਲ ਕੀਤਾ। ਇਨ੍ਹਾਂ ਗੱਤਕਾ ਮੁਕਾਬਲਿਆਂ ਲਈ ਕੋਚਿੰਗ ਮਨਵੀਰ ਸਿੰਘ ਮੱਤਾ ਗੁੰਬੀ ਵੱਲੋਂ ਦਿੱਤੀ ਗਈ। ਮੁਕਾਬਲਿਆਂ ਵਿੱਚ ਵੱਖ-ਵੱਖ ਵਰਗਾਂ ਦੇ ਖਿਡਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਖੇਡ ਕਲਾ ਦੇ ਜੌਹਰ ਦਿਖਾਏ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਹਾਜ਼ਰ ਸਨ।ਸਕੂਲ ਪ੍ਰਬੰਧਕਾਂ, ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਗੱਤਕਾ ਕੋਚ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ।

ਪੀ.ਏ.ਯੂ. ਦੇ ਵਿਦਿਆਰਥੀਆਂ ਨੇ ਰਾਸ਼ਟਰੀ ਕਾਨਫਰੰਸ ਵਿਚ ਆਪਣੀ ਛਾਪ ਛੱਡੀ

ਲੁਧਿਆਣਾ 14 ਸਤੰਬਰ : ਪੀ.ਏ.ਯੂ. ਦੇ ਭੋਜਨ ਅਤੇ ਪੋਸ਼ਣ ਵਿਭਾਗ ਦੇ ਵਿਦਿਆਰਥੀਆਂ ਨੂੰ ਪੋਸ਼ਣ ਬਾਰੇ ਹੋਈ 8ਵੀਂ ਰਾਸ਼ਟਰੀ ਕਾਨਫਰੰਸ ਵਿਚ ਪੋਸਟਰ ਬਨਾਉਣ ਦੇ ਮੁਕਾਬਲਿਆਂ ਵਿਚ ਸਿਖਰਲਾ ਸਥਾਨ ਪ੍ਰਾਪਤ ਹੋਇਆ| ਇਹ ਕਾਨਫਰੰਸ ਬੀਤੇ ਦਿਨੀਂ ਡਾਇਟੈਟਿਕਸ ਵਿਭਾਗ ਵੱਲੋਂ ਭਾਰਤੀ ਪੋਸ਼ਣ ਸੁਸਾਇਟੀ ਦੇ ਚੰਡੀਗੜ ਚੈਪਟਰ ਦੇ ਸਹਿਯੋਗ ਨਾਲ ਚੰਡੀਗੜ ਵਿਖੇ ਆਯੋਜਿਤ ਕੀਤੀ ਗਈ ਸੀ| ਪੀ ਐੱਚ ਡੀ ਦੀ ਵਿਦਿਆਰਥਣ ਪ੍ਰਭਨੂਰ ਕੌਰ ਨੂੰ ਪਹਿਲਾਂ ਪੀ ਐੱਚ ਡੀ ਕਰ ਚੁੱਕੀ ਵਿਦਿਆਰਥਣ ਆਨੁਸ਼ਾ ਚੇਰੂਕੁਰੀ ਵੱਲੋਂ ਕੀਤੀ ਖੋਜ ਪੇਸ਼ ਕਰਨ ਲਈ ਪਹਿਲਾ ਸਥਾਨ ਪ੍ਰਾਪਤ ਹੋਇਆ| ਮਾਸਟਰਜ਼ ਦੀ ਵਿਦਿਆਰਥਣ ਦੀਪਿਕਾ ਮਲਹੋਤਰਾ ਨੇ 7-9 ਸਾਲ ਦੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਦੇ ਪੋਸ਼ਣ ਸੰਬੰਧੀ ਕੀਤੀ ਖੋਜ ਨੂੰ ਪੋਸਟਰ ਰਾਹੀਂ ਪੇਸ਼ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ| ਦੋਵਾਂ ਵਿਦਿਆਰਥੀਆਂ ਦੇ ਖੋਜ ਨਿਗਰਾਨ ਡਾ. ਰੇਨੂੰਕਾ ਅਗਰਵਾਲ ਹਨ| ਕਮਿਊਨਟੀ ਸਾਇੰਸ ਕਾਲਜ ਦੇ ਡੀਨ ਡਾ. ਕਿਰਨ ਬੈਂਸ ਤੇ ਭੋਜਨ ਅਤੇ ਪੋਸ਼ਣ ਵਿਭਾਗ ਦੇ ਮੁਖੀ ਡਾ. ਹਰਪ੍ਰੀਤ ਕੌਰ ਨੇ ਦੋਵਾਂ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ|

ਖੇਡਾਂ ਵਤਨ ਪੰਜਾਬ ਦੀਆਂ 2026: ਬਲਾਕ ਪਾਤੜਾਂ 'ਚ 8ਵੇਂ ਦਿਨ ਦੀਆਂ ਬਲਾਕ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼

ਵਿਧਾਇਕ ਕੁਲਵੰਤ ਸਿੰਘ ਨੇ ਖੇਡਾਂ ਦੇ ਉਦਘਾਟਨ ਮੌਕੇ ਨੌਜਵਾਨਾਂ ਨਾਲ ਵਾਲੀਬਾਲ ਮੈਚ 'ਚ ਹੱਥ ਅਜ਼ਮਾ ਕੇ ਭਰਿਆ ਨਵਾਂ ਉਤਸ਼ਾਹ

ਕਿਹਾ, ਮਾਨ ਸਰਕਾਰ ਦੀ ਖੇਡ ਨੀਤੀ ਰੰਗ ਲਿਆਈ; ਪੰਜਾਬ ਦੇ ਪਿੰਡ-ਪਿੰਡ 'ਚ ਮੁੜ ਸੁਰਜੀਤ ਹੋਇਆ ਖੇਡ ਸਭਿਆਚਾਰ

ਪਾਤੜਾਂ/ਸੁਤਰਾਣਾ 14 ਸਤੰਬਰ : ਖੇਡ ਵਿਭਾਗ ਪਟਿਆਲਾ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ 2026' ਦੇ ਤਹਿਤ ਅੱਜ 8ਵੇਂ ਦਿਨ ਦੀਆਂ ਬਲਾਕ ਪੱਧਰੀ ਖੇਡਾਂ ਦਾ ਆਯੋਜਨ ਅਤਿ-ਉਤਸ਼ਾਹਪੂਰਨ ਮਾਹੌਲ 'ਚ ਕੀਤਾ ਗਿਆ। ਬਲਾਕ ਪਾਤੜਾਂ ਦੇ ਪਿੰਡ ਦੇਧਨਾ ਵਿਖੇ ਸਥਿਤ ਮੁੱਖ ਮੰਤਰੀ ਖੇਡ ਸਟੇਡੀਅਮ 'ਚ ਕਰਵਾਈਆਂ ਜਾ ਰਹੀਆਂ ਇਹਨਾਂ ਖੇਡਾਂ ਦਾ ਰਸਮੀ ਉਦਘਾਟਨ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਨੇ ਕੀਤਾ। ਇਸ ਮੌਕੇ ਮੈਦਾਨ 'ਚ ਉਤਰੇ ਵਿਧਾਇਕ ਕੁਲਵੰਤ ਸਿੰਘ ਨੇ ਵਾਲੀਬਾਲ ਦੀਆਂ ਸਮੈਸ਼ਾਂ ਨਾਲ ਖਿਡਾਰੀਆਂ ਦਾ ਦਿਲ ਜਿੱਤ ਲਿਆ। ਉਦਘਾਟਨੀ ਸਮਾਰੋਹ ਦੌਰਾਨ ਉਸ ਵੇਲੇ ਮੈਦਾਨ 'ਚ ਸ਼ਾਨਦਾਰ ਨਜ਼ਾਰਾ ਬੱਝ ਗਿਆ, ਜਦੋਂ ਹਲਕਾ ਵਿਧਾਇਕ ਕੁਲਵੰਤ ਸਿੰਘ ਮਹਿਜ਼ ਮੁੱਖ ਮਹਿਮਾਨ ਵਜੋਂ ਕੁਰਸੀ 'ਤੇ ਬੈਠਣ ਦੀ ਬਜਾਏ ਆਪ ਮੈਦਾਨ 'ਚ ਉਤਰ ਆਏ। ਨੌਜਵਾਨ ਖਿਡਾਰੀਆਂ ਦੇ ਜੋਸ਼ ਨੂੰ ਵੇਖਦਿਆਂ ਵਿਧਾਇਕ ਨੇ ਆਪਣੇ ਕੁੜਤੇ ਦੀਆਂ ਬਾਹਾਂ ਚੜ੍ਹਾ ਕੇ ਵਾਲੀਬਾਲ ਦੇ ਮੈਚ 'ਚ ਸਿੱਧਾ ਉਤਰ ਕੇ ਖਿਡਾਰੀਆਂ ਨਾਲ ਹੱਥ ਅਜ਼ਮਾਏ। ਉਨ੍ਹਾਂ ਵੱਲੋਂ ਲਗਾਈਆਂ ਧਮਾਕੇਦਾਰ ਸਮੈਸ਼ਾਂ ਅਤੇ ਸਰਵਿਸ ਨੇ ਪੂਰੇ ਸਟੇਡੀਅਮ 'ਚ ਤਾਲੀਆਂ ਦੀ ਗੂੰਜ ਪੈਦਾ ਕਰ ਦਿੱਤੀ।

ਇੱਕ ਆਮ ਵਿਧਾਇਕ ਤੋਂ ਪਰ੍ਹੇ ਹਟ ਕੇ, ਇੱਕ ਖਿਡਾਰੀ ਵਾਂਗ ਮੈਦਾਨ 'ਚ ਪਸੀਨਾ ਵਹਾਉਂਦਿਆਂ ਉਨ੍ਹਾਂ ਨੇ ਦਿਖਾ ਦਿੱਤਾ ਕਿ ਉਹ ਹਲਕੇ ਦੇ ਨੌਜਵਾਨਾਂ ਦੇ ਦਿਲਾਂ ਨਾਲ ਧੜਕਦੇ ਹਨ। ਉਨ੍ਹਾਂ ਦਾ ਇਹ ਅੰਦਾਜ਼ ਖਿਡਾਰੀਆਂ ਵਿੱਚ ਨਵੇਂ ਉਤਸ਼ਾਹ ਅਤੇ ਊਰਜਾ ਦਾ ਸੰਚਾਰ ਕਰ ਗਿਆ। ਖਿਡਾਰੀਆਂ ਨੂੰ ਪ੍ਰੇਰਿਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਕਸਰਤ ਨਹੀਂ, ਸਗੋਂ ਜੀਵਨ ਵਿੱਚ ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਪੈਦਾ ਕਰਨ ਦਾ ਸਭ ਤੋਂ ਵੱਡਾ ਸਾਧਨ ਹਨ। ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਵੱਲ ਮੋੜਨਾ ਹੀ ਉਨ੍ਹਾਂ ਦਾ ਮੁੱਖ ਟੀਚਾ ਹੈ।

ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਖੇਡਾਂ ਦਾ ਇੱਕ ਅਜਿਹਾ ਮਾਹੌਲ ਸਿਰਜ ਦਿੱਤਾ ਹੈ, ਜਿਸ ਨਾਲ ਪਿੰਡ-ਪਿੰਡ ਵਿੱਚ ਮੁੜ ਖੇਡਾਂ ਦਾ ਸੁਨਹਿਰੀ ਦੌਰ ਪਰਤ ਆਇਆ ਹੈ। 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਇਤਿਹਾਸਕ ਉਪਰਾਲਿਆਂ ਨੇ ਜ਼ਮੀਨੀ ਪੱਧਰ ਦੀ ਛੁਪੀ ਹੋਈ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਦਿੱਤਾ ਹੈ। ਮਾਨ ਸਰਕਾਰ ਦੀ ਖੇਡ ਨੀਤੀ ਦਾ ਮੂਲ ਮਕਸਦ ਖਿਡਾਰੀਆਂ ਨੂੰ ਚੰਗੀਆਂ ਖੇਡ ਸਹੂਲਤਾਂ ਅਤੇ ਬਹਿਤਰ ਨਗਦ ਇਨਾਮ ਰਾਸ਼ੀ ਦੇ ਕੇ ਅੰਤਰਰਾਸ਼ਟਰੀ ਪੱਧਰ 'ਤੇ ਚਮਕਾਉਣਾ ਹੈ, ਜਿਸ ਨਾਲ ਪੰਜਾਬ ਦਾ ਗੱਭਰੂ ਹੁਣ ਮੈਦਾਨਾਂ 'ਚ ਨਵੇਂ ਦਿਸਹੱਦੇ ਛੂਹ ਰਿਹਾ ਹੈ।

ਉਪਰੰਤ ਜ਼ਿਲ੍ਹਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਵੱਖ-ਵੱਖ ਉਮਰ ਵਰਗਾਂ ਦੇ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਦੇ ਜ਼ਬਰਦਸਤ ਮੁਕਾਬਲੇ ਕਰਵਾਏ ਜਾ ਰਹੇ ਹਨ।

ਇਸ ਮੌਕੇ ਜਿਲ੍ਹਾ ਖੇਡ ਅਫਸਰ ਪਟਿਆਲਾ ਨਵਜੋਤ ਸਿੰਘ ਧਾਲੀਵਾਲ, ਦਵਿੰਦਰ ਸਿੰਘ ਜੋਨਲ ਇੰਚਾਰਜ ਪਾਤੜਾਂ ਸਿੱਖਿਆ ਵਿਭਾਗ ਪਟਿਆਲਾ ਅਤੇ ਪਾਤੜਾਂ ਦੇ ਸਰਪੰਚ ਸੰਦੀਪ ਵੀ ਮੌਜੂਦ ਰਹੇ। ਖੇਡਾਂ ਦੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਲਈ ਖੇਡ ਵਿਭਾਗ ਦੇ ਕੋਚ ਕੰਵਲਦੀਪ ਸਿੰਘ, ਕੁਲਵਿੰਦਰ ਸਿੰਘ, ਪਰਦੀਪ ਕੁਮਾਰ, ਗੁਰਦੇਵ ਸਿੰਘ, ਗੁਰਪ੍ਰੀਤ ਸਿੰਘ, ਸਤਵੀਰ ਮੰਡਾਰ, ਪਰਮਿੰਦਰ ਸਿੰਘ, ਧਨਵੰਤ ਸਿੰਘ, ਰਾਜਬੀਰ ਸਿੰਘ, ਸਤਵਿੰਦਰ ਸਿੰਘ, ਸਤਗੁਰ ਸਿੰਘ ਅਤੇ ਸ਼ਿਵਾ ਨੇ ਅਹਿਮ ਭੂਮਿਕਾ ਨਿਭਾਈ।

ਫ਼ੋਟੋ ਕੈਪਸਨ – ਹਲਕਾ ਸੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਪਿੰਡ ਦੇਧਨਾ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਮੌਕੇ ਵਿਦਿਆਰਥੀਆਂ ਨਾਲ ਯਾਦਗਾਰੀ ਤਸਵੀਰ ਕਰਵਾਉਣ ਮੌਕੇ।

ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ 'ਗਣੇਸ਼ ਚਤੁਰਥੀ'

ਵਿਦਿਆਰਥੀਆਂ ਨੇ ਗਣੇਸ਼ ਵੰਦਨਾ, ਭਗਤੀ ਗੀਤਾਂ ਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਬੰਨ੍ਹਿਆ ਸਮਾਂ

ਟਿੰਕੂ ਕੁਮਾਰ

ਕੋਟਕਪੂਰਾ, 14 ਸਤੰਬਰ : ਮੋਗਾ-ਕੋਟਕਪੂਰਾ ਰੋਡ 'ਤੇ ਪੰਜਗਰਾਈਂ ਕਲਾਂ ਨੇੜੇ ਸਥਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਗਣੇਸ਼ ਚਤੁਰਥੀ ਦਾ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਕੈਂਪਸ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ। ਵਿਦਿਆਰਥੀਆਂ ਨੇ ਭਗਵਾਨ ਗਣੇਸ਼ ਜੀ ਦੀ ਪੂਜਾ-ਅਰਚਨਾ ਕਰਕੇ ਸਾਰਿਆਂ ਦੀ ਖੁਸ਼ਹਾਲੀ, ਸਫਲਤਾ ਅਤੇ ਚੰਗੀ ਸਿਹਤ ਲਈ ਪ੍ਰਾਰਥਨਾ ਕੀਤੀ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗਣੇਸ਼ ਵੰਦਨਾ, ਭਗਤੀ ਗੀਤਾਂ ਅਤੇ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈਂਦਿਆਂ ਭਾਰਤੀ ਸੱਭਿਆਚਾਰ ਅਤੇ ਪਰੰਪਰਾਵਾਂ ਪ੍ਰਤੀ ਆਪਣੀ ਸਾਂਝ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਭਗਵਾਨ ਗਣੇਸ਼ ਜੀ ਨਾਲ ਜੁੜੀਆਂ ਗਿਆਨ, ਬੁੱਧੀ, ਨਿਮਰਤਾ ਅਤੇ ਸਕਾਰਾਤਮਕ ਸੋਚ ਦੀਆਂ ਸਿੱਖਿਆਵਾਂ ਬਾਰੇ ਜਾਣੂ ਕਰਵਾਇਆ। ਸਮਾਗਮ ਨੇ ਵਿਦਿਆਰਥੀਆਂ ਵਿੱਚ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਪ੍ਰਤੀ ਸਤਿਕਾਰ, ਏਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਸਕੂਲ ਦੇ ਚੇਅਰਮੈਨ ਵਾਸੂ ਸ਼ਰਮਾ, ਰਕਸ਼ੰਦਾ ਸ਼ਰਮਾ, ਡਾਇਰੈਕਟਰ ਸੀਮਾ ਸ਼ਰਮਾ, ਅਕਾਦਮਿਕ ਡਾਇਰੈਕਟਰ ਵਿਨੋਦ ਵਰਮਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਨੀਲਮ ਵਰਮਾ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਗਣੇਸ਼ ਚਤੁਰਥੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤ ਅਤੇ ਪਰੰਪਰਾਵਾਂ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਪਸੀ ਸਦਭਾਵਨਾ, ਸਾਂਝੀਵਾਲਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਹਨ।

ਮੈਂ ਰਾਤਾਂ ਨੂੰ ਜਾਗ ਜਾਗ ਕੇ ਬਹੁਤ ਵੇਖਿਐ

ਮੈਂ ਰਾਤਾਂ ਨੂੰ ਜਾਗ ਜਾਗ ਕੇ,
ਬਹੁਤ ਵੇਖਿਐ।

ਦਿਲ ਦੀ ਵੇਦਨ, ਦਰਦ ਪੁਰਾਣਾ,
ਖ਼ੁਦ ਨੂੰ ਆਪ ਸੁਣਾਉਣਾ ਪੈਂਦੈ।
ਮਨ ਦਾ ਮੋਰ ਨਚਾਵਣ ਖ਼ਾਤਰ,
ਅੱਖੀਓਂ ਸਾਉਣ ਵਰਾਉਣਾ ਪੈਂਦੈ।
ਨਿਰਮਲ ਅੰਬਰ ਦੇ ਵਿਚ,
ਤਾਰਿਆਂ ਨਾਲ,
ਸੰਵਾਦ ਰਚਾਉਣਾ ਪੈਂਦੈ।
ਆਪਣੀ ਮੂਰਖ਼ਤਾ ਤੇ ਆਪੇ
ਰੋਣਾ ਤੇ ਪਛਤਾਉਣਾ ਪੈਂਦੈ।
ਮੈਂ ਰਾਤਾਂ ਨੂੰ ਜਾਗ ਜਾਗ ਕੇ,
ਬਹੁਤ ਵੇਖਿਐ।

ਸੁੱਤੀ ਸੱਟ ਦੀ ਪੀੜ ਸਹਿੰਦਿਆਂ,
ਆਪੇ 'ਕੱਲਿਆਂ ਰੋਣਾ ਪੈਂਦੈ।
ਚੰਨ ਵਿਚਲੇ ਦਾਗਾਂ ਨੂੰ ਤੱਕ ਕੇ,
ਰਿਸ਼ਤੇਦਾਰ ਬਣਾਉਣਾ ਪੈਂਦੈ।
ਅਣਲਿਖਿਆਂ ਗੀਤਾਂ ਨੂੰ ਆਪੇ,
ਬੇਤਰਤੀਬੇ ਗਾਉਣਾ ਪੈਂਦੈ।
ਰੁੱਸੇ ਜਜ਼ਬੇ ਮਾਰ ਹਲੂਣੇ,
ਸੁਰ ਤੇ ਸਾਜ਼ ਜਗਾਉਣਾ ਪੈਂਦੈ।
ਮੈਂ ਰਾਤਾਂ ਨੂੰ ਜਾਗ ਜਾਗ ਕੇ,
ਬਹੁਤ ਵੇਖਿਐ।

ਵਿੱਛੜੇ ਸੱਜਣ ਭਾਲਣ ਖ਼ਾਤਰ
ਸਾਰਾ ਅੰਬਰ ਗਾਹੁਣਾ ਪੈਂਦੈ।
ਧਰਤੀ ਦੀ ਬੁੱਕਲ ਵਿਚ ਬਹਿ ਕੇ,
ਖ਼ੁਦ ਨੂੰ ਕਬਰ ਬਣਾਉਣਾ ਪੈਂਦੈ।
ਆਪਣੇ ਚਿਹਰੇ ਉੱਤੋਂ ਆਪੇ
ਨਕਲੀ ਚਿਹਰਾ ਲਾਹੁਣਾ ਪੈਂਦੈ।
ਅੰਤਰ ਮਨ ਦਾ ਨਾਦ ਇਲਾਹੀ,
ਖ਼ੁਦ ਨੂੰ ਆਪ ਸੁਣਾਉਣਾ ਪੈਂਦੈ।
ਮੈਂ ਰਾਤਾਂ ਨੂੰ ਜਾਗ ਜਾਗਕੇ,
ਬਹੁਤ ਵੇਖਿਐ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਨੇਰ੍ਹੇ ਨਾਲ ਪੁਗਾਉਂਦੇ ਯਾਰੀ,
ਅੰਬਰ ਦੇ ਵਿਚ ਚੰਨ ਤੇ ਤਾਰੇ।
ਦਰਦ ਪਰੁੱਚੇ ਹਾਉਕੇ ਨੂੰ ਇਹ,
ਭਰਨ ਕਦੇ ਨਾ ਆਪ ਹੁੰਗਾਰੇ।
ਅਜਬ ਮੁਸਾਫ਼ਰ ਦਿਨ ਚੜ੍ਹਦੇ ਨੂੰ,
ਬੰਨ੍ਹ ਬਿਸਤਰਾ ਜਾਂਦੇ ਸਾਰੇ।
ਇਹ ਤਾਂ ਬੱਸ ਕਵਿਤਾ ਦਾ ਗਹਿਣਾ।
ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ।
ਮੈਂ ਰਾਤਾਂ ਨੂੰ ਜਾਗ ਜਾਗਕੇ,
ਬਹੁਤ ਵੇਖਿਐ।

ਸੂਈ ਵਿਚ ਪਰੋਕੇ ਰੀਝਾਂ,
ਆਪੇ ਮੋਤੀ ਜੜਨੇ ਪੈਂਦੇ।
ਰਾਤ ਦੀ ਕਾਲੀ ਚਾਦਰ ਉੱਤੇ,
ਤੰਦਾਂ ਸੁਪਨੇ ਮੜ੍ਹਨੇ ਪੈਂਦੇ।

ਮਨ ਅੰਦਰਲੇ ਮੋਰ ਸੁਨਹਿਰੇ,
ਪੋਟਿਆਂ ਦੇ ਸੰਗ ਫੜਨੇ ਪੈਂਦੇ।
ਖਿੱਲਰੇ ਜਿਵੇਂ ਭੁਲਾਵੇਂ ਅੱਖਰ,
ਜੋੜ ਜੋੜ ਕੇ ਪੜ੍ਹਨੇ ਪੈਂਦੇ।
ਮੈਂ ਰਾਤਾਂ ਨੂੰ ਜਾਗ ਜਾਗਕੇ,
ਬਹੁਤ ਵੇਖਿਐ।

ਆਪਣੇ ਅੰਤਰਮਨ ਦੇ ਅੰਦਰ,
ਡੂੰਘਿਓਂ ਡੂੰਘਾ ਲਹਿਣਾ ਪੈਂਦੈ।
ਹਿਜਰ ਵਸਲ ਦੀਆਂ ਚਰਖੜੀਆਂ ਨੂੰ,
ਤਨ ਤੇ ਮਨ ਤੇ ਸਹਿਣਾ ਪੈਂਦੇ।

'ਚੁੱਪ' ਨਿਰੀ ਹੈ ਮੌਤ ਬਰਾਬਰ,
ਖ਼ੁਦ ਨੂੰ ਆਪੇ ਕਹਿਣਾ ਪੈਂਦੈ।
ਨੇਰ੍ਹੇ ਨੂੰ ਮੇਟਣ ਦੀ ਖ਼ਾਤਰ,
ਮਾਚਸ ਉੱਤੇ ਖਹਿਣਾ ਪੈਂਦੈ।
ਮੈਂ ਰਾਤਾਂ ਨੂੰ ਜਾਗ ਜਾਗਕੇ,
ਬਹੁਤ ਵੇਖਿਐ।

ਮੈਂ ਰਾਤਾਂ ਨੂੰ ਜਦੋਂ ਜਾਗਦਾਂ,
ਆਪਣੇ ਅੰਦਰ,
ਸੁੱਤੀ ਧਰਤ ਜਗਾ ਲੈਂਦਾ ਹਾਂ।
ਜਦ ਜੀਅ ਕਰਦੈ, 'ਵਾਜ਼ ਮਾਰ ਕੇ,
ਅੰਬਰ ਥੱਲੇ ਲਾਹ ਲੈਂਦਾ ਹਾਂ।
ਬਿਰਖਾਂ ਦੀ ਛਤਰੀ ਹਰਿਆਲੀ,
ਪੱਤਿਆਂ ਥਾਈਂ ਸਾਹ ਲੈਂਦਾ ਹਾਂ।

ਅੰਤਰ ਧਿਆਨ ਦੇ ਘੋੜੇ ਚੜ੍ਹ ਕੇ,
ਸਗਲੀ ਧਰਤੀ ਗਾਹ ਲੈਂਦਾ ਹਾਂ।
ਕਰਕੇ ਪੌਣ ਸਵਾਰੀ ਆਪੇ,
ਅੰਬਰ ਦੀ ਵੀ ਥਾਹ ਲੈਂਦਾ ਹਾਂ।
ਮੈਂ ਰਾਤਾਂ ਨੂੰ ਜਾਗ ਜਾਗਕੇ
ਬਹੁਤ ਵੇਖਿਐ।

ਰੰਗਾਂ ਦੀ ਸਤਰੰਗੀ ਲੀਲ੍ਹਾ,
ਅੱਖਾਂ ਮੀਟ ਵਿਖਾ ਸਕਦਾ ਹਾਂ।
ਬਿਨ ਸਾਜ਼ਾਂ ਤੋਂ ਬਿਰਖ਼ ਬਰੂਟੇ,
ਗਾਉਂਦੇ ਗੀਤ ਸੁਣਾ ਸਕਦਾ ਹਾਂ।
ਕੁਲ ਧਰਤੀ ਦਾ ਖ਼ਾਰਾ ਸਾਗਰ,
ਗਾਗਰ ਦੇ ਵਿਚ ਪਾ ਸਕਦਾ ਹਾਂ।

ਸਾਥ ਦਏਂ ਤਾਂ ਜਿਹੜਾ ਆਖੇਂ,
ਤਾਰਾ ਅੰਬਰੋਂ ਲਾਹ ਸਕਦਾ ਹਾਂ।
ਕੱਲ-ਮੁ-ਕੱਲੀ ਕੂੜ ਕਲਪਨਾ,
ਕਦੇ ਸਾਕਾਰ ਆਕਾਰ ਨਾ ਧਾਰੇ।
ਕਾਲੀ ਚਾਦਰ ਗੂੜ੍ਹੀ ਕਾਲ਼ੀ,
ਬਿਨ ਚਾਨਣ ਨਾ ਕੋਈ ਲੰਗਾਰੇ।
ਮੈਂ ਰਾਤਾਂ ਨੂੰ ਜਾਗ ਜਾਗਕੇ,
ਬਹੁਤ ਵੇਖਿਐ।

ਰਾਤਾਂ ਦੇ ਜਗਰਾਤੇ ਕੱਟ ਕੇ,
ਕਦੇ ਕਿਤੇ ਸੂਰਜ ਨਹੀਂ ਚੜ੍ਹਦਾ।
ਧਰਮ ਗਰੰਥ ਗਿਆਨ ਦੀ ਗੰਗਾ,
ਨੇਰ੍ਹੇ ਅੰਦਰ ਕੋਈ ਨਾ ਪੜ੍ਹਦਾ।
ਪਰ ਜੇ ਦੀਵਾ ਜਾਗ ਪਵੇ ਤਾਂ,
ਉਸ ਅੱਗੇ 'ਨੇਰ੍ਹਾ ਨਹੀਂ ਖੜ੍ਹਦਾ।
ਮੈਂ ਰਾਤਾਂ ਨੂੰ ਜਾਗ ਜਾਗ ਕੇ,
ਬਹੁਤ ਵੇਖਿਐ।

ਸਰਪ੍ਰਸਤ ਮੁਬਸ਼ਿਰ ਲੁਕਮਾਨ ਨਾਲ ਬਾਗੀ ਰਾਈਟਰਜ਼ ਫੋਰਮ ਦੇ ਮੈਂਬਰਾਂ ਦਾ ਜਾਣ-ਪਛਾਣ ਸੈਸ਼ਨ

ਇੱਕ ਸੱਚੇ ਲੇਖਕ ਦੀ ਕਲਮ ਆਪਣੇ ਦੇਸ਼ ਦੇ ਦੱਬੇ-ਕੁਚਲੇ ਵਰਗ ਦਾ ਬੁਲਾਰਾ ਹੈ, ਮੁਬਾਸ਼ਿਰ ਲੁਕਮਾਨ।

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ



ਬਾਗੀ ਰਾਈਟਰਜ਼ ਫੋਰਮ ਵੱਲੋਂ ਆਯੋਜਿਤ ਮੈਂਬਰਾਂ ਦਾ ਪਹਿਲਾ ਸ਼ੁਰੂਆਤੀ ਸੈਸ਼ਨ ਜਿਮਖਾਨਾ ਕਲੱਬ ਮਾਲ ਰੋਡ ਵਿਖੇ ਸੀਨੀਅਰ ਪੱਤਰਕਾਰ ਅਤੇ ਐਂਕਰਪਰਸਨ, ਬਾਗੀ ਟੀਵੀ ਦੇ ਸੀਈਓ ਅਤੇ ਬਾਗੀ ਲੇਖਕ ਮੰਚ ਦੇ ਸਰਪ੍ਰਸਤ ਮੁਬਸ਼ਿਰ ਲੁਕਮਾਨ ਦੀ ਪ੍ਰਧਾਨਗੀ ਹੇਠ ਹੋਇਆ। ਸ਼ੁਰੂਆਤੀ ਸੈਸ਼ਨ ਵਿੱਚ ਬਾਗੀ ਲੇਖਕ ਮੰਚ ਲਾਹੌਰ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜ਼ਫਰ ਇਕਬਾਲ ਜ਼ਫਰ ਨੂੰ ਅਗਸਤ ਮਹੀਨੇ ਦਾ ਬਾਗੀ ਐਵਾਰਡ ਦਿੱਤਾ ਗਿਆ, ਜਦਕਿ ਤਾਰਿਕ ਨਵੀਦ ਸਿੰਧ ਨੂੰ ਵੀ ਬਾਗੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੁਬਾਸ਼ਿਰ ਲੁਕਮਾਨ ਨੇ ਇਜਾਜ਼ ਰਾਹੀ ਨੂੰ ਸਤੰਬਰ ਮਹੀਨੇ ਦੇ ਬਾਗੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ, ਜਦੋਂ ਕਿ ਸਤੰਬਰ ਮਹੀਨੇ ਦੇ ਦੂਜੇ ਪੁਰਸਕਾਰ ਦਾ ਐਲਾਨ ਸਤੰਬਰ ਦੇ ਅੰਤ ਵਿੱਚ ਕੀਤਾ ਜਾਵੇਗਾ। ਸਮਾਗਮ ਦੌਰਾਨ ਸਾਬਕਾ ਡੀ.ਜੀ.ਐਫ.ਆਈ.ਏ., ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਕੇਂਦਰੀ ਆਗੂ ਗਾਲਿਬ ਬੰਦਿਸ਼ਾ ਨੇ ਪੁਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਬਾਗੀ ਰਾਈਟਰਜ਼ ਫੋਰਮ ਦਾ ਜਾਣ-ਪਛਾਣ ਸੈਸ਼ਨ, ਮੈਂਬਰਾਂ ਦੀ ਜਾਣ-ਪਛਾਣ ਮੁੱਖ ਸਰਪ੍ਰਸਤ ਬਾਗੀ ਰਾਈਟਰਜ਼ ਫੋਰਮ ਦੁਆਰਾ ਕਰਵਾਈ ਗਈ, ਜਿਸਦਾ ਸੰਚਾਲਨ ਮੁਬਾਸ਼ਿਰ ਲੁਕਮਾਨ ਦੁਆਰਾ ਕੀਤਾ ਗਿਆ, ਮੈਂਬਰਾਂ ਨੇ ਆਪਣਾ ਜਾਣ-ਪਛਾਣ ਕਰਵਾਇਆ। ਗੱਲਬਾਤ ਦੌਰਾਨ, ਮੁਬਾਸ਼ਿਰ ਲੁਕਮਾਨ ਨੇ ਆਪਣੀ

ਸਿਖਲਾਈ ਸ਼ੈਲੀ ਵਿੱਚ ਆਪਣੀ ਲਿਖਣ ਕਲਾ ਬਾਰੇ ਦੱਸਿਆ ਅਤੇ ਕਿਹਾ ਕਿ ਇੱਕ ਕਾਲਮ ਦਾ ਸਿਰਲੇਖ ਪਾਠਕਾਂ ਨੂੰ ਆਕਰਸ਼ਿਤ ਕਰਦਾ ਹੈ। ਇੱਕ ਅਸਲੀ ਲੇਖਕ ਦੀ ਕਲਮ ਆਪਣੇ ਦੇਸ਼ ਦੇ ਦੱਬੇ-ਕੁਚਲੇ ਵਰਗ ਦੀ ਬੁਲਾਰਾ ਹੁੰਦੀ ਹੈ, ਜੋ ਅਧਿਕਾਰੀਆਂ ਦਾ ਧਿਆਨ ਮਨੁੱਖੀ ਕਦਰਾਂ-ਕੀਮਤਾਂ ਵੱਲ ਖਿੱਚਦੀ ਹੈ ਅਤੇ ਗਰੀਬ ਲੋਕਾਂ ਦੀ ਘੱਟ ਆਮਦਨ ਦੇ ਸੰਦਰਭ ਵਿੱਚ ਜੀਵਨ ਦੇ ਮਿਆਰ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਜਦੋਂ ਇੱਕ ਆਮ ਆਦਮੀ ਦੇ ਜੀਵਨ ਨੂੰ ਆਸਾਨ ਬਣਾਉਣ ਲਈ ਹਾਲਾਤ ਪੈਦਾ ਹੁੰਦੇ ਹਨ, ਤਾਂ ਹਰ ਤਰ੍ਹਾਂ ਦੇ ਲੋਕ ਇਸਦਾ ਲਾਭ ਉਠਾਉਂਦੇ ਹਨ। ਅਸੀਂ ਕਮਜ਼ੋਰ ਲੋਕਾਂ ਦੇ ਰਹਿਣ-ਸਹਿਣ ਦੇ ਹਾਲਾਤਾਂ ਨੂੰ ਬਿਹਤਰ ਬਣਾਉਣ ਲਈ ਕਲਮ ਦੀ ਪ੍ਰਭਾਵਸ਼ਾਲੀ ਆਵਾਜ਼ ਬੁਲੰਦ ਕਰਦੇ ਹਾਂ। ਭਾਵੇਂ ਉਹ ਬਾਗੀ ਟੀਵੀ ਹੋਵੇ ਜਾਂ ਬਾਗੀ ਰਾਈਟਰਜ਼ ਫੋਰਮ, ਇਸਦਾ ਮੁੱਖ ਉਦੇਸ਼ ਆਮ ਲੋਕਾਂ ਦੀ ਆਵਾਜ਼ ਬਣਨਾ ਹੈ ਅਤੇ ਇਸ ਆਵਾਜ਼ ਨੂੰ ਬਾਗੀ ਟੀਵੀ ਚੈਨਲ ਨਾਲ ਜੁੜੇ ਪਾਠਕਾਂ ਤੱਕ ਪਹੁੰਚਾਉਣਾ ਹੈ, ਮੈਂ ਤੁਹਾਡੇ ਸਾਰਿਆਂ ਲਈ ਬਾਗੀ ਟੀਵੀ ਚੈਨਲ ਦੇ ਦਰਵਾਜ਼ੇ ਖੋਲ੍ਹਦਾ ਹਾਂ। ਬਾਗੀ ਟੀਵੀ ਦੇ ਸੰਪਾਦਕ ਮੁਮਤਾਜ਼ ਅਵਾਨ ਦੇ ਯਤਨ ਤੁਹਾਡੀ ਆਵਾਜ਼, ਜੋ ਕੁਝ ਸੌ ਲੋਕਾਂ ਤੱਕ ਪਹੁੰਚਦੀ ਹੈ, ਨੂੰ ਲੱਖਾਂ ਲੋਕਾਂ ਤੱਕ ਪਹੁੰਚਾਉਣ ਲਈ ਸ਼ਲਾਘਾਯੋਗ ਹਨ। ਮੈਂਬਰਾਂ ਨੂੰ ਨਾ ਸਿਰਫ਼ ਬਾਗੀ ਟੀਵੀ 'ਤੇ ਲਿਖਣਾ ਚਾਹੀਦਾ ਹੈ, ਸਗੋਂ ਸਾਨੂੰ ਆਪਣੇ ਵੀਡੀਓ ਅਤੇ ਵਲੌਗ ਵੀ ਭੇਜਣੇ ਚਾਹੀਦੇ ਹਨ ਜੋ ਬਾਗੀ ਟੀਵੀ ਦੇ ਯੂਟਿਊਬ ਅਤੇ ਫੇਸਬੁੱਕ 'ਤੇ ਪ੍ਰਸਾਰਿਤ ਕੀਤੇ ਜਾਣਗੇ। ਅਸੀਂ ਬਾਗੀ ਰਾਈਟਰਜ਼ ਫੋਰਮ ਦੇ ਸਾਰੇ ਮੈਂਬਰਾਂ ਨੂੰ ਸਾਡੇ ਕੋਲ ਆਉਣ ਵਾਲੀ ਵਿੱਤੀ ਸੌਖ ਵਿੱਚ ਭਾਈਵਾਲ ਬਣਾਉਣ ਲਈ ਦ੍ਰਿੜ ਹਾਂ ਅਤੇ ਬਾਗੀ ਰਾਈਟਰਜ਼ ਫੋਰਮ ਨਾਲ ਜੁੜੇ ਲੇਖਕਾਂ ਦੀ ਵਿੱਤੀ ਸਹਾਇਤਾ 'ਤੇ ਅਧਾਰਤ ਸਰੋਤ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਦੋਂ ਅਸੀਂ ਸਾਰੇ ਪਾਕਿਸਤਾਨੀ ਲੋਕਾਂ ਦੀ ਭਲਾਈ ਚਾਹੁੰਦੇ ਹਾਂ, ਤਾਂ ਆਪਣੇ ਲੇਖਕਾਂ ਦੀ ਭਲਾਈ ਕਿਉਂ ਨਹੀਂ ਚਾਹੁੰਦੇ? ਜਦੋਂ ਵੀ ਸਾਨੂੰ ਤੁਹਾਡੇ ਲਈ ਸਹੂਲਤ ਮਿਲੇਗੀ, ਅਸੀਂ ਤੁਹਾਨੂੰ ਇਨਾਮ ਦੇਵਾਂਗੇ।

ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਨੇਤਾ ਗਾਲਿਬ ਬੰਦਿਸ਼ਾ ਨੇ ਬਾਗੀ ਰਾਈਟਰਜ਼ ਫੋਰਮ ਦੇ ਮੈਂਬਰਾਂ ਨੂੰ ਬ੍ਰਿਜ ਦੀ ਖੇਡ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਪ੍ਰਧਾਨ ਮੁਬਾਸ਼ਿਰ ਲੁਕਮਾਨ ਦੇ ਯਤਨਾਂ ਸਦਕਾ ਪਾਕਿਸਤਾਨ ਦੇ ਲਾਹੌਰ ਵਿੱਚ ਏਸ਼ੀਅਨ ਬ੍ਰਿਜ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਮੈਂ ਹੁਣ ਤੱਕ ਅੰਤਰਰਾਸ਼ਟਰੀ ਪੱਧਰ 'ਤੇ ਕਈ ਵਾਰ ਬ੍ਰਿਜ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਹੈ।

ਸ਼ੁਰੂਆਤੀ ਸੈਸ਼ਨ ਵਿੱਚ, ਸਾਰੇ ਪ੍ਰਤੀਭਾਗੀਆਂ ਨੇ ਬਾਗੀ ਲੇਖਕ ਮੰਚ ਦੇ ਵਿਚਾਰ ਦੀ ਸ਼ਲਾਘਾ ਕੀਤੀ ਅਤੇ ਆਪਣੀ ਲੇਖਣੀ ਵਿੱਚ ਸੁਧਾਰ ਕਰਨ ਲਈ ਆਪਣੇ ਮਨ ਵਿੱਚ ਲਾਹੇਵੰਦ ਸੁਝਾਅ ਰੱਖੇ।

ਸੈਸ਼ਨ ਦੇ ਅੰਤ ਵਿੱਚ ਬਾਗੀ ਲੇਖਕ ਮੰਚ ਦਾ ਅਗਸਤ 2026 ਦਾ ਪਹਿਲਾ ਇਨਾਮ ਬਾਗੀ ਲੇਖਕ ਮੰਚ ਦੇ ਸਰਪ੍ਰਸਤ-ਇਨ-ਚੀਫ਼ ਮੁਬਾਸ਼ਿਰ ਲੁਕਮਾਨ, ਗਾਲਿਬ ਬੰਦਿਸ਼ਾ ਨੇ ਲੇਖਕ ਜ਼ਫ਼ਰ ਇਕਬਾਲ ਜ਼ਫ਼ਰ ਨੂੰ ਦਿੱਤਾ, ਜਦੋਂ ਕਿ ਜ਼ਫ਼ਰ ਇਕਬਾਲ ਜ਼ਫ਼ਰ ਨੇ ਮੁਬਾਸ਼ਿਰ ਲੁਕਮਾਨ ਨੂੰ ਆਪਣੀ ਪੁਸਤਕ ਜ਼ਫ਼ਰੀਅਤ ਭੇਟ ਕੀਤੀ। ਬਾਗੀ ਟੀਵੀ ਕਸੂਰ ਦੇ ਬਿਊਰੋ ਚੀਫ ਤਾਰਿਕ ਨਵੀਦ ਸਿੰਧੂ ਨੂੰ ਵੀ ਬਾਗੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰਿਆਜ਼ ਅਹਿਮਦ ਅਹਿਸਾਨ, ਚੌਧਰੀ ਰਿਜ਼ਵਾਨ ਕਾਹਲੋਂ, ਨਈਮ ਖ਼ਾਨ, ਇਜਾਜ਼ ਰਾਹੀ, ਜ਼ਫ਼ਰ ਇਕਬਾਲ ਜ਼ਫ਼ਰ, ਜੁਨੈਦ ਕਬੀਰ ਮੁਗ਼ਲ, ਤਾਰਿਕ ਨਵੀਦ ਸਿੰਧੂ, ਅਲੀ ਰਜ਼ਾ, ਜਾਵੇਦ ਡੈਨੀ ਐਲ, ਹਾਫ਼ਿਜ਼ ਮੁਹੰਮਦ ਜ਼ੁਬੈਰ, ਜਾਨ ਮੁਹੰਮਦ ਰਮਜ਼ਾਨ, ਆਰੀਫ਼ੀਨ ਆਇਸ਼ਾ, ਫ਼ੈਸਲ ਰਮਜ਼ਾਨ, ਯੂਹਾਨਾ ਜਾਨ, ਦਾਨਿਸ਼ ਰਹਿਮਾਨ, ਦਾਨਿਸ਼ ਰਹਿਮਾਨ ਮੁਹੰਮਦ ਅਸ਼ਹਿਰਾ, ਦਾਨਿਸ਼ ਰਹਿਮਾਨ, ਫੈਜ਼ਲ ਰਮਜ਼ਾਨ, ਦਾਨਿਸ਼ ਰਹਿਮਾਨ, ਫੈਸਲ ਰਮਜ਼ਾਨ। ਬਾਗੀ ਰਾਈਟਰਜ਼ ਫੋਰਮ ਦੇ ਸ਼ੁਰੂਆਤੀ ਸੈਸ਼ਨ ਵਿੱਚ ਐਡਵੋਕੇਟ, ਰਾਣਾ ਸ਼ਹਿਜ਼ਾਦ ਅਲਤਾਫ਼, ਮੁਹੰਮਦ ਅਹਿਮਦ, ਚੌਧਰੀ ਹਮਜ਼ਾ ਸਿੰਧੂ ਅਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ।

ਔਰਤ ਦੀ ਮਹਾਨਤਾ ਕਿਸੇ ਇੱਕ ਸ਼ਬਦ ਵਿੱਚ ਨਹੀਂ ਬੱਝਦੀ ਜੀ, ਉਹ ਤਾਂ ਰੱਬ ਦੀ ਸਭ ਤੋਂ ਸੋਹਣੀ ਰਚਨਾ ਹੈ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਔਰਤ ਦੀ ਮਹਾਨਤਾ ਇਹ ਹੈ ਜੀ –

ਉਹ ਜਨਣੀ ਹੈ – ਉਹ ਇੱਕ ਜਿੰਦ ਵਿੱਚੋਂ ਦੂਜੀ ਜਿੰਦ ਪੈਦਾ ਕਰਦੀ ਹੈ। ਨੌਂ ਮਹੀਨੇ ਦੁੱਖ ਸਹਿ ਕੇ ਵੀ ਉਹ ਦੂਜੇ ਨੂੰ ਜਨਮ ਦਿੰਦੀ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ – "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।"
ਉਹ ਤਿਆਗ ਦੀ ਮੂਰਤ ਹੈ – ਪਹਿਲਾਂ ਧੀ ਬਣ ਕੇ ਪਿਓ ਦਾ ਘਰ ਛੱਡਦੀ ਹੈ, ਫੇਰ ਪਤਨੀ ਬਣ ਕੇ ਆਪਣੇ ਸੁਪਨੇ ਛੱਡਦੀ ਹੈ, ਤੇ ਮਾਂ ਬਣ ਕੇ ਆਪਣੀ ਨੀਂਦ, ਭੁੱਖ ਸਭ ਕੁਝ ਛੱਡ ਦਿੰਦੀ ਹੈ।

ਉਹ ਹਿੰਮਤ ਹੈ – ਜਿਹੜਾ ਦੁੱਖ ਮਰਦ ਪਹਾੜ ਸਮਝ ਕੇ ਛੱਡ ਦਿੰਦਾ ਹੈ, ਔਰਤ ਉਸੇ ਦੁੱਖ ਨੂੰ ਆਪਣੇ ਪੱਲੇ ਵਿੱਚ ਬੰਨ੍ਹ ਕੇ ਘਰ ਨੂੰ ਚਲਾਉਂਦੀ ਹੈ।

ਉਹ ਵਕਤ ਦੀ ਗਵਾਹੀ ਹੈ – ਤੁਹਾਡੀ ਕਹਾਣੀ ਵਾਂਗ ਜੀ, ਘਰ ਦੀਆਂ ਕੰਧਾਂ ਭਾਵੇਂ ਡਿੱਗ ਜਾਣ, ਪਰ ਔਰਤ ਦੀਆਂ ਯਾਦਾਂ ਤੇ ਉਸਦਾ ਸਬਰ ਹਮੇਸ਼ਾ ਖੜ੍ਹਾ ਰਹਿੰਦਾ ਹੈ।

ਸੁਰਜੀਤ ਜੀ, ਔਰਤ ਦੀ ਸਭ ਤੋਂ ਵੱਡੀ ਮਹਾਨਤਾ ਇਹ ਹੈ ਕਿ ਉਹ ਟੁੱਟ ਕੇ ਵੀ ਜੋੜਨਾ ਜਾਣਦੀ ਹੈ। ਉਹ ਖੁਦ ਰੋ ਕੇ ਵੀ ਦੂਜਿਆਂ ਨੂੰ ਹਸਾਉਣਾ ਜਾਣਦੀ ਹੈ।

ਇਸਦੀ ਜਿਉਂਦੀ-ਜਾਗਦੀ ਮਿਸਾਲ ਹਾਂ ਮੈਂ ਜੋ ਘਰ-ਪਰਿਵਾਰ ਸੰਭਾਲਦੇ ਹੋਏ ਵੀ ਆਪਣੀ ਕਲਮ ਨਾਲ ਸਾਹਿਤ ਦੀ ਸੇਵਾ ਕਰ ਰਹੀ ਹਾਂ।
ਹਰ ਭੂਮਿਕਾ ਵਿਚ _ਪਿਆਰ, ਹੌਂਸਲਾ, ਸ਼ਖਸ਼ੀਅਤ, ਹਿੰਮਤ, ਔਰਤ ਜੀਵਨ ਦਾ ਆਧਾਰ ਹੈ।